Roll No.

Total No. of Questions : 9]

142/A

[Total No. of Printed Pages : 36

SS

2326

ਸਲਾਨਾ ਪਰੀਖਿਆ ਪ੍ਰਣਾਲੀ

ACCOUNTANCY-II (Part-I) & ACCOUNTANCY-II (Part-II)

(Commerce And Humanities Group)

(Punjabi, Hindi and English Versions)

Time Allowed : 3 Hours — **Maximum Marks : 80**

(Punjabi Version)

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿਚ ਵਿਸ਼ਾ-ਕੋਡ/ਪੇਪਰ-ਕੋਡ 142 ਜ਼ਰੂਰ ਦਰਜ ਕਰੋ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿਚ ਟਾਈਟਲ ਸਹਿਤ 28 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ।

(iii) ਉੱਤਰ-ਪੱਤਰੀ ਵਿਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ।

(iv) ਪ੍ਰਸ਼ਨ-ਪੱਤਰੀ ਵਿਚ **ਤਿੰਨ** ਭਾਗ ਹਨ : **ਭਾਗ-ੳ, ਭਾਗ-ਅ** ਅਤੇ **ਭਾਗ-ੲ**। **ਭਾਗ-ੳ ਸਾਰੇ ਵਿਦਿਆਰਥੀਆਂ ਲਈ ਜ਼ਰੂਰੀ ਹੈ** ਅਤੇ ਵਿਦਿਆਰਥੀ **ਭਾਗ-ਅ** ਅਤੇ **ਭਾਗ-ੲ** ਵਿਚੋਂ ਸਿਰਫ਼ **ਇਕ** ਭਾਗ ਨੂੰ ਚੁਣ ਸਕਦੇ ਹਨ।

(v) ਸੰਖਿਆਤਮਕ ਪ੍ਰਸ਼ਨਾਂ ਲਈ ਸ਼ਬਦਾਂ, ਲਾਈਨਾਂ ਜਾਂ ਪੰਨਿਆਂ ਦੀ ਕੋਈ ਸੀਮਾ ਨਹੀਂ ਹੈ।

(vi) ਪ੍ਰੋਗਰਾਮਾਂ ਤੋਂ ਬਿਨਾ ਸਧਾਰਣ ਕੈਲਕੂਲੇਟਰ ਵਰਤਣ ਦੀ ਆਗਿਆ ਹੈ।

ਭਾਗ-ੳ

(vii) ਪ੍ਰਸ਼ਨ ਨੰ. 1 ਵਿਚ 1 ਅੰਕ ਵਾਲੇ ਪ੍ਰਸ਼ਨ ਹਨ।
ਪ੍ਰਸ਼ਨ ਨੰ. 2 ਵਿਚ 2 ਅੰਕ ਵਾਲੇ ਪ੍ਰਸ਼ਨ ਹਨ।
ਪ੍ਰਸ਼ਨ ਨੰ. 3 ਵਿਚ 4 ਅੰਕ ਵਾਲੇ ਪ੍ਰਸ਼ਨ ਹਨ।
ਪ੍ਰਸ਼ਨ ਨੰ. 4 ਵਿਚ 6 ਅੰਕ ਵਾਲੇ ਪ੍ਰਸ਼ਨ ਹਨ।
ਪ੍ਰਸ਼ਨ ਨੰ. 5 ਵਿਚ 6 ਅੰਕ ਵਾਲੇ ਪ੍ਰਸ਼ਨ ਹਨ।

ਭਾਗ-ਅ ਅਤੇ ੲ

(viii) ਪ੍ਰਸ਼ਨ ਨੰ. 6 ਵਿਚ 1 ਅੰਕ ਵਾਲੇ ਪ੍ਰਸ਼ਨ ਹਨ।
ਪ੍ਰਸ਼ਨ ਨੰ. 7 ਵਿਚ 2 ਅੰਕ ਵਾਲੇ ਪ੍ਰਸ਼ਨ ਹਨ।
ਪ੍ਰਸ਼ਨ ਨੰ. 8 ਵਿਚ 4 ਅੰਕ ਵਾਲੇ ਪ੍ਰਸ਼ਨ ਹਨ।
ਪ੍ਰਸ਼ਨ ਨੰ. 9 ਵਿਚ 6 ਅੰਕ ਵਾਲੇ ਪ੍ਰਸ਼ਨ ਹਨ।

(ix) ਪੰਜਾਬੀ ਅਤੇ ਹਿੰਦੀ ਭਾਸ਼ਾ ਦੇ ਪ੍ਰਸ਼ਨ ਅੰਗਰੇਜ਼ੀ ਭਾਸ਼ਾ ਦੇ ਪ੍ਰਸ਼ਨਾਂ ਦੇ ਅਨੁਵਾਦ ਹਨ। ਇਸ ਲਈ ਕਿਸੇ ਭਰਮ ਦੀ ਸਥਿਤੀ ਵਿਚ ਅੰਗਰੇਜ਼ੀ ਭਾਸ਼ਾ ਦੇ ਪ੍ਰਸ਼ਨਾਂ ਨੂੰ ਹੀ ਸਹੀ ਮੰਨਿਆ ਜਾਵੇਗਾ।

ਭਾਗ – ੳ

1. **ਸਾਰੇ ਪ੍ਰਸ਼ਨ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਇੱਕ ਅੰਕ ਹੈ :** 1x16=16

ਖ਼ਾਲੀ ਥਾਵਾਂ ਭਰੋ :

(i) ਪੁਨਰ ਮੁਲਾਂਕਣ ਖਾਤਾ _________ ਖਾਤਾ ਹੈ। (ਵਾਸਤਵਿਕ/ਨਾਮਾਤਰ) 1

(ii) ਕਾਨੂੰਨੀ ਪ੍ਰਤੀਨਿਧੀ (executor) ਇੱਕ _________ ਦੇ ਸਾਰੇ ਅਧਿਕਾਰਾਂ ਦਾ ਹੱਕਦਾਰ ਹੁੰਦਾ ਹੈ। (ਸੇਵਾਮੁਕਤ ਸਾਂਝੇਦਾਰ/ਮ੍ਰਿਤਕ ਸਾਂਝੇਦਾਰ) 1

(iii) ਫਰਮ ਦੇ ਭੰਗ ਹੋਣ 'ਤੇ ਕਾਲਪਨਿਕ ਸੰਪਤੀਆਂ ________ ਖਾਤਿਆਂ ਵਿੱਚ ਤਬਦੀਲ ਕੀਤੀਆਂ ਜਾਂਦੀਆਂ ਹਨ । (ਬੈਂਕ/ਸਾਂਝੇਦਾਰਾਂ ਦੇ ਪੂੰਜੀ) 1

(iv) ਕਰਜ਼-ਪੱਤਰ ਧਾਰਕ ਕੰਪਨੀ ਦੇ ________ ਹਨ । (ਮਾਲਕ/ਲੈਣਦਾਰ) 1

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(v) ਭਾਰਤ ਵਿੱਚ ਸਾਂਝੇਦਾਰੀ ਕਾਰੋਬਾਰ ਨੂੰ ਕਿਹੜਾ ਕਾਨੂੰਨ ਨਿਯੰਤਰਿਤ ਕਰਦਾ ਹੈ ? 1

(vi) ਤਿਆਗ ਅਨੁਪਾਤ ਕੀ ਹੈ ? 1

(vii) ਲਾਭ ਅਨੁਪਾਤ ਦੀ ਗਣਨਾ ਕਰਨ ਦਾ ਫ਼ਾਰਮੂਲਾ ਕੀ ਹੈ ? 1

(viii) ਸਖ਼ਤ ਮਿਹਨਤ ਸਮਤਾ ਅੰਸ਼ ਕੀ ਹਨ ? 1

ਬਹੁ-ਵਿਕਲਪੀ ਪ੍ਰਸ਼ਨ :

(ix) 1 ਜੁਲਾਈ, 2024 ਨੂੰ ਇਕ ਸਾਂਝੇਦਾਰ ਨੇ ਫਰਮ ਨੂੰ ₹ 4,00,000 ਦਾ ਕਰਜ਼ਾ ਦਿੱਤਾ । ਸਮਝੌਤੇ ਦੀ ਅਣਹੋਂਦ ਵਿੱਚ 31 ਮਾਰਚ, 2025 ਨੂੰ ਕਰਜ਼ੇ 'ਤੇ ਵਿਆਜ ਹੋਵੇਗਾ : 1

(ੳ) ₹ 18,000 (ਅ) ₹ 22,000

(ੲ) ₹ 40,000 (ਸ) ₹ 24,000

(x) ਇੱਕ ਸਾਂਝੇਦਾਰੀ ਦੀ ਸੇਵਾਮੁਕਤੀ ਦੇ ਮਾਮਲੇ ਵਿੱਚ, ਸਾਖ ਉਹਨਾਂ ਦੇ ਖਾਤੇ ਵਿੱਚ ਕ੍ਰੈਡਿਟ ਕੀਤੀ ਜਾਂਦੀ ਹੈ । 1

(ੳ) ਸਿਰਫ਼ ਬਾਕੀ ਬਚੇ ਸਾਂਝੇਦਾਰ (ਅ) ਸਾਰੇ ਸਾਂਝੇਦਾਰ

(ੲ) ਸਿਰਫ਼ ਸੇਵਾਮੁਕਤ ਸਾਂਝੇਦਾਰ (ਸ) ਇਹਨਾਂ ਵਿੱਚੋਂ ਕੋਈ ਨਹੀਂ

(xi) ਇੱਕ ਨਾ-ਦਰਜ ਕੀਤੀ ਸੰਪਤੀ ਦੀ ਕੀਮਤ ₹ 2,00,000 ਸੀ । ਫਰਮ ਦੇ ਭੰਗ ਹੋਣ 'ਤੇ ਇਸਨੂੰ ਇਸਦੇ ਮੁੱਲ ਦੇ 52% 'ਤੇ ਵੇਚਿਆ ਗਿਆ । ਵਸੂਲੀ ਖਾਤੇ ਵਿੱਚ ਇਹ ਕ੍ਰੈਡਿਟ ਕੀਤਾ ਜਾਵੇਗਾ : 1

(ੳ) ₹ 2,52,000 (ਅ) ₹ 1,04,000

(ੲ) ₹ 48,000 (ਸ) ₹ 2,00,000

(xii) ਕਰਜ਼-ਪੱਤਰ ਜਾਰੀ ਕਰਨ 'ਤੇ ਛੋਟ ਹੈ । 1

(ੳ) ਅਮੂਰਤ ਸੰਪਤੀ (ਅ) ਮੂਰਤ ਸੰਪਤੀ

(ੲ) ਚਾਲੂ ਸੰਪਤੀ (ਸ) ਕਾਲਪਨਿਕ ਸੰਪਤੀ

ਸਹੀ ਜਾਂ ਗ਼ਲਤ ਲਿਖੋ :

(xiii) ਸਾਂਝੇਦਾਰੀ ਕਾਰੋਬਾਰ ਸਾਂਝੇਦਾਰੀ ਦਸਤਾਵੇਜ਼ ਤੋਂ ਬਿਨਾਂ ਸ਼ੁਰੂ ਕੀਤਾ ਜਾ ਸਕਦਾ ਹੈ। 1

(xiv) ਨਵੇਂ ਸ਼ਾਮਲ ਹੋਏ ਸਾਂਝੇਦਾਰ ਦਾ ਫਰਮ ਦੀਆਂ ਸੰਪਤੀਆਂ 'ਤੇ ਅਧਿਕਾਰ ਨਹੀਂ ਹੁੰਦਾ। 1

(xv) ਕੰਪਨੀ ਇੱਕ ਬਨਾਉਟੀ ਵਿਅਕਤੀ ਹੈ। 1

(xvi) ਫਰਮ ਦੇ ਭੰਗ ਹੋਣ ਦੀ ਸਥਿਤੀ ਵਿੱਚ ਬਾਹਰੀ ਦੇਣਦਾਰੀਆਂ ਦਾ ਭੁਗਤਾਨ ਲਾਜ਼ਮੀ ਹੈ, ਭਾਵੇਂ ਪ੍ਰਸ਼ਨ ਇਸ ਬਾਰੇ ਚੁੱਪ ਹੋਵੇ। 1

2. ਸਾਰੇ ਪ੍ਰਸ਼ਨ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦੇ 2 ਅੰਕ ਹਨ। 2x7=14

(i) ਸਾਂਝੇਦਾਰੀ ਦੇ ਅੰਤ ਅਤੇ ਸਾਂਝੇਦਾਰੀ ਫਰਮ ਦੇ ਅੰਤ ਵਿਚਕਾਰ ਕੋਈ ਦੋ ਅੰਤਰ ਦਿਓ। 2

(ii) ਮਨਪ੍ਰੀਤ 31 ਮਾਰਚ, 2025 ਨੂੰ ਖ਼ਤਮ ਹੋਏ ਸਾਲ ਲਈ ਹਰ ਮਹੀਨੇ ਦੇ ਅਖ਼ੀਰਲੇ ਦਿਨ ₹ 3,000 ਪ੍ਰਤੀ ਮਹੀਨਾ ਕਢਵਾਉਂਦਾ ਹੈ। ਆਹਰਣ 'ਤੇ ਵਿਆਜ 9% ਸਾਲਾਨਾ ਦੀ ਦਰ ਨਾਲ ਲਿਆ ਜਾਣਾ ਹੈ। ਵਿਆਜ ਦੀ ਰਕਮ ਦੀ ਗਣਨਾ ਕਰੋ। 2

(iii) ਆਸ਼ਾ ਲਿਮਟਿਡ ਨੇ ਨਿਸ਼ਾ ਲਿਮਟਿਡ ਤੋਂ ₹ 18,00,000 ਦੇ ਖ਼ਰੀਦ ਪ੍ਰਤੀਫਲ 'ਤੇ ₹ 16,00,000 ਦੀਆਂ ਸੰਪਤੀਆਂ ਅਤੇ ₹ 4,00,000 ਦੇ ਵਿਵਿਧ ਲੈਣਦਾਰਾਂ ਨੂੰ ਹਾਸਲ ਕੀਤਾ। ₹ 9,20,000 ਦਾ ਚੈੱਕ ਜਾਰੀ ਕਰਕੇ ਭੁਗਤਾਨ ਕੀਤਾ ਗਿਆ ਅਤੇ ਬਾਕੀ ਰਕਮ ਲਈ ₹ 100 ਪ੍ਰਤੀ ਦੇ 9% ਕਰਜ਼-ਪੱਤਰ 10% ਦੇ ਪ੍ਰੀਮੀਅਮ 'ਤੇ ਜਾਰੀ ਕੀਤੇ ਗਏ। ਆਸ਼ਾ ਲਿਮਟਿਡ ਦੀਆਂ ਬਹੀਆਂ ਵਿੱਚ ਜ਼ਰੂਰੀ ਰੋਜ਼ਨਾਮਚਾ ਇੰਦਰਾਜ ਕਰੋ। 2

(iv) P,Q ਅਤੇ R, 3 : 2 : 1 ਦੇ ਅਨੁਪਾਤ ਵਿੱਚ ਲਾਭ ਨੂੰ ਵੰਡਣ ਵਾਲੇ ਸਾਂਝੇਦਾਰ ਹਨ। ਬਹੀਆਂ ਵਿੱਚ ਸਾਖ਼ ਦਾ ਮੁੱਲ ₹ 1,20,000 ਹੈ। Q ਸੇਵਾਮੁਕਤ ਹੁੰਦਾ ਹੈ ਅਤੇ Q ਦੀ ਸੇਵਾਮੁਕਤੀ ਦੇ ਸਮੇਂ, ਸਾਖ਼ ਦਾ ਮੁੱਲ ₹ 1,68,000 ਹੈ। P ਅਤੇ R ਨੇ ਭਵਿੱਖ ਦੇ ਲਾਭ ਨੂੰ 2 : 1 ਦੇ ਅਨੁਪਾਤ ਵਿੱਚ ਵੰਡਣ ਦਾ ਫ਼ੈਸਲਾ ਕੀਤਾ। ਜ਼ਰੂਰੀ ਰੋਜ਼ਨਾਮਚਾ ਇੰਦਰਾਜ ਦਰਜ ਕਰੋ। 2

(v) ਸਟਾਰ ਲਿਮਟਿਡ ਨੇ ₹ 30 ਪ੍ਰਤੀ ਅੰਸ਼ ਦੀ ਪਹਿਲੀ ਕਾਲ ਦਾ ਭੁਗਤਾਨ ਨਾ ਕਰਨ 'ਤੇ ₹ 100 ਪ੍ਰਤੀ ਮੁੱਲ ਦੇ 1,000 ਸਮਤਾ ਅੰਸ਼ ਜ਼ਬਤ ਕਰ ਲਏ। ₹ 10 ਪ੍ਰਤੀ ਅੰਸ਼ ਦੀ ਅੰਤਿਮ ਕਾਲ ਅਜੇ ਨਹੀਂ ਲਈ ਗਈ ਸੀ। ਜ਼ਬਤ ਕੀਤੇ ਗਏ ਅੰਸ਼ ₹ 1,30,000 ਵਿੱਚ ਪੂਰੀ ਤਰ੍ਹਾਂ ਅਦਾ ਕੀਤੇ ਅੰਸ਼ਾਂ ਦੇ ਰੂਪ ਵਿੱਚ ਦੁਬਾਰਾ ਜਾਰੀ ਕੀਤੇ ਗਏ। ਕੰਪਨੀ ਦੀਆਂ ਬਹੀਆਂ ਵਿੱਚ ਜ਼ਰੂਰੀ ਰੋਜ਼ਨਾਮਚਾ ਇੰਦਰਾਜ ਦਰਜ ਕਰੋ। 2

(vi) ਕਿਸੇ ਦੋ ਬਿੰਦੂਆਂ 'ਤੇ ਬਕਾਇਆ ਕਾਲਾਂ ਅਤੇ ਪੇਸ਼ਗੀ ਕਾਲਾਂ ਵਿੱਚ ਅੰਤਰ ਕਰੋ। 2

(vii) ਇੱਕ ਸਾਂਝੇਦਾਰੀ ਫਰਮ ਦੇ ਪੁਨਰਗਠਨ ਦੇ ਕੋਈ ਦੋ ਢੰਗ ਲਿਖੋ। 2

3. **ਸਾਰੇ ਪ੍ਰਸ਼ਨ ਲਾਜ਼ਮੀ ਹਨ । ਹਰੇਕ ਪ੍ਰਸ਼ਨ ਦੇ 4 ਅੰਕ ਹਨ :** **4x3=12**

(i) X, Y ਅਤੇ Z ਇੱਕ ਫਰਮ ਵਿੱਚ ਸਾਂਝੇਦਾਰ ਸਨ ਜੋ 5 : 4 : 1 ਦੇ ਅਨੁਪਾਤ ਵਿੱਚ ਲਾਭ ਅਤੇ ਹਾਨੀ ਨੂੰ ਵੰਡਦੇ ਸਨ । **4**
31-3-2025 ਨੂੰ ਉਹਨਾਂ ਦਾ ਅੰਤਮ ਚਿੱਠਾ ਇਸ ਪ੍ਰਕਾਰ ਸੀ :

ਦੇਣਦਾਰੀਆਂ		ਰਕਮ (₹)	ਸੰਪਤੀਆਂ	ਰਕਮ (₹)
ਪੂੰਜੀ :			ਪਲਾਂਟ ਅਤੇ ਮਸ਼ੀਨਰੀ	5,50,000
X	3,00,000		ਸਟਾਕ	1,20,000
Y	2,00,000		ਵਿਵਿਧ ਦੇਣਦਾਰ	1,30,000
Z	1,00,000	6,00,000	ਬੈਂਕ ਵਿੱਚ ਰੋਕੜ	40,000
ਸਾਲ 2024-25 ਦਾ ਲਾਭ		1,50,000	ਇਸ਼ਤਿਹਾਰ ਖ਼ਰਚ ਖਾਤਾ	20,000
ਲੈਣਦਾਰ		1,10,000		
		8,60,000		8,60,000

30 ਜੂਨ 2025 ਨੂੰ X ਦੀ ਮੌਤ ਹੋ ਗਈ ।

1. X ਨੇ 01-06-2025 ਨੂੰ ₹ 60,000 ਕਢਵਾਏ
2. ਫਰਮ ਵਿੱਚ ਉਸਦੀ ਸਾਖ ਦੇ ਹਿੱਸੇ ਦੀ ਗਣਨਾ ਪਿਛਲੇ ਦੋ ਸਾਲਾਂ ਦੇ ਔਸਤ ਲਾਭ ਦੀ ਦੋ ਸਾਲਾਂ ਦੀ ਖ਼ਰੀਦ ਦੇ ਆਧਾਰ 'ਤੇ ਕੀਤੀ ਜਾਣੀ ਸੀ ।
3. ਮੌਤ ਦੀ ਮਿਤੀ ਤੱਕ ਉਸਦੇ ਲਾਭ ਦੇ ਹਿੱਸੇ ਦੀ ਗਣਨਾ ਪਿਛਲੇ ਦੋ ਸਾਲਾਂ ਦੇ ਔਸਤ ਲਾਭ ਦੇ ਆਧਾਰ 'ਤੇ ਕੀਤੀ ਜਾਣੀ ਸੀ ।
4. ਸਾਲ 2023-24 ਲਈ ਲਾਭ ₹ 50,000 ਸੀ ।

X ਦਾ ਪੂੰਜੀ ਖਾਤਾ ਤਿਆਰ ਕਰੋ ਜੋ ਉਸਦੇ ਕਾਨੂੰਨੀ ਪ੍ਰਤਿਨਿਧੀ (executor) ਨੂੰ ਦਿੱਤਾ ਜਾਣਾ ਹੈ ।

ਜਾਂ

ਸੋਨੀ ਅਤੇ ਹਰਸ਼ ਲਾਭ ਨੂੰ ਬਰਾਬਰ ਵੰਡਣ ਵਾਲੇ ਸਾਂਝੇਦਾਰ ਸਨ । 31 ਮਾਰਚ, 2025 ਨੂੰ ਉਨ੍ਹਾਂ ਦਾ ਅੰਤਮ ਚਿੱਠਾ ਇਸ ਪ੍ਰਕਾਰ ਸੀ :

ਦੇਣਦਾਰੀਆਂ		ਰਕਮ (₹)	ਸੰਪਤੀਆਂ	ਰਕਮ (₹)
ਪੂੰਜੀ :			ਬੈਂਕ	30,000
ਸੋਨੀ	1,00,000		ਦੇਣਦਾਰ	25,000
ਹਰਸ਼	50,000	1,50,000	ਸਟਾਕ	35,000
ਲੈਣਦਾਰ		20,000	ਫਰਨੀਚਰ	40,000
ਹਰਸ਼ ਦਾ ਚਾਲੂ ਖਾਤਾ		10,000	ਮਸ਼ੀਨਰੀ	60,000
ਮਜ਼ਦੂਰ ਮੁਆਵਜ਼ਾ ਰਿਜ਼ਰਵ		15,000	ਸੋਨੀ ਦਾ ਚਾਲੂ ਖਾਤਾ	10,000
ਬੈਂਕ ਓਵਰਡਰਾਫਟ		5,000		
		2,00,000		2,00,000

ਉਪਰੋਕਤ ਮਿਤੀ ਨੂੰ ਫਰਮ ਭੰਗ ਕਰ ਦਿੱਤੀ ਗਈ :

1. ਸੋਨੀ ਨੇ ਸਟਾਕ ਦਾ 50% ਹਿੱਸਾ ਬਹੀ ਮੁੱਲ ਤੋਂ 10% ਘੱਟ 'ਤੇ ਲੈ ਲਿਆ, ਅਤੇ ਬਾਕੀ ਸਟਾਕ 15% ਦੇ ਲਾਭ 'ਤੇ ਵੇਚ ਦਿੱਤਾ ਗਿਆ । ਫਰਨੀਚਰ ਅਤੇ ਮਸ਼ੀਨਰੀ ਤੋਂ ਕ੍ਰਮਵਾਰ ₹ 30,000 ਅਤੇ ₹ 50,000 ਵਸੂਲ ਹੋਏ ।
2. ਇੱਕ ਨਾ-ਦਰਜ ਕੀਤਾ ਨਿਵੇਸ਼ ਸੀ ਜੋ ₹ 34,000 ਵਿੱਚ ਵੇਚਿਆ ਗਿਆ ।
3. ਦੇਣਦਾਰਾਂ ਤੋਂ ਸਿਰਫ਼ 90% ਵਸੂਲ ਹੋਇਆ ਅਤੇ ਪਿਛਲੇ ਸਾਲ ਅਪਲਿਖਤ ਕੀਤੇ ਗਏ ਡੁੱਬੇ ਕਰਜ਼ਿਆਂ ਵਿੱਚੋਂ ₹ 1,200 ਦੀ ਪ੍ਰਾਪਤੀ ਹੋਈ ।
4. ਮੁਰੰਮਤ ਲਈ ਇੱਕ ਬਕਾਇਆ ਬਿੱਲ ਸੀ ਜਿਸਦਾ ਭੁਗਤਾਨ ₹ 2,000 ਕਰਨਾ ਪਿਆ ।

ਵਸੂਲੀ ਖਾਤਾ ਤਿਆਰ ਕਰੋ ।

(ii) ਸਵਿਫ਼ਟ ਲਿਮਟਿਡ ਨੇ 10,000, 10% ਕਰਜ਼-ਪੱਤਰ ₹ 100 ਪ੍ਰਤੀ ਵਾਲੇ ਜਾਰੀ ਕੀਤੇ, ਜੋ ਹੇਠ ਲਿਖੇ ਅਨੁਸਾਰ ਭੁਗਤਾਨਯੋਗ ਸਨ : **4**

ਬਿਨੈ-ਪੱਤਰ 'ਤੇ	₹ 20
ਅਲਾਟਮੈਂਟ 'ਤੇ	₹ 20
ਪਹਿਲੀ ਕਾਲ 'ਤੇ	₹ 30
ਅੰਤਿਮ ਕਾਲ 'ਤੇ	₹ 30

ਪਬਲਿਕ ਨੇ 14,000 ਕਰਜ਼-ਪੱਤਰਾਂ ਲਈ ਬਿਨੈ-ਪੱਤਰ ਦਿੱਤੇ । 9,000 ਕਰਜ਼-ਪੱਤਰ ਲਈ ਬਿਨੈ-ਪੱਤਰ ਪੂਰੀ ਤਰ੍ਹਾਂ ਸਵੀਕਾਰ ਕੀਤੇ ਗਏ, 2,000 ਕਰਜ਼-ਪੱਤਰ ਦੇ ਬਿਨੈ-ਪੱਤਰਾਂ ਨੂੰ 1,000 ਕਰਜ਼-ਪੱਤਰ ਅਲਾਟ ਕੀਤੇ ਗਏ ਸਨ ਅਤੇ ਬਾਕੀ ਬਿਨੈ-ਪੱਤਰਾਂ ਨੂੰ ਰੱਦ ਕਰ ਦਿੱਤਾ ਗਿਆ । ਸਾਰੀ ਰਾਸ਼ੀ ਸਹੀ ਢੰਗ ਨਾਲ ਪ੍ਰਾਪਤ ਹੋ ਗਈ ਸੀ । ਲੈਣ-ਦੇਣ ਲਈ ਰੋਜ਼ਨਾਮਚਾ ਇੰਦਰਾਜ ਕਰੋ ।

ਜਾਂ

ਕਿਸੇ ਵੀ ਚਾਰ ਬਿੰਦੂਆਂ 'ਤੇ 'ਰਿਜ਼ਰਵ ਪੂੰਜੀ' ਅਤੇ 'ਪੂੰਜੀ ਰਿਜ਼ਰਵ' ਵਿੱਚ ਅੰਤਰ ਕਰੋ ।

(iii) ਸਾਂਝੇਦਾਰੀ ਦੀਆਂ ਕੋਈ ਚਾਰ ਜ਼ਰੂਰੀ ਵਿਸ਼ੇਸ਼ਤਾਵਾਂ ਲਿਖੋ । **4**

ਜਾਂ

ਪਿਛਲੇ ਪੰਜ ਸਾਲਾਂ ਲਈ ਇੱਕ ਫਰਮ ਰਮਨ ਕੈਮੀਕਲਜ਼ ਦੇ ਲਾਭ ਇਸ ਪ੍ਰਕਾਰ ਸਨ :

Year ended 31st March	Profit (₹)
2021	86,000
2022	1,20,000
2023	1,04,000
2024	1,50,000
2025	1,70,000

ਭਾਰਿਤ ਔਸਤ ਲਾਭ ਦੀ ਦੋ ਸਾਲਾਂ ਦੀ ਖ਼ਰੀਦ ਦੇ ਆਧਾਰ 'ਤੇ ਸਾਖ਼ ਦੇ ਮੁੱਲ ਦੀ ਗਣਨਾ ਕਰੋ । ਵਰਤੇ ਜਾਣ ਵਾਲੇ ਭਾਰ ਹਨ :

2021-1; 2022-2; 2023-3; 2024-4; 2025-5

4. ਸਾਰੇ ਪ੍ਰਸ਼ਨ ਲਾਜ਼ਮੀ ਹਨ । ਹਰੇਕ ਪ੍ਰਸ਼ਨ ਦੇ 6 ਅੰਕ ਹਨ । **6x2=12**

(i) ਰੀਤੂ ਅਤੇ ਨੀਰੂ ਕ੍ਰਮਵਾਰ ₹ 10,00,000 ਅਤੇ ₹ 16,00,000 ਦੀ ਸਥਿਰ ਪੂੰਜੀ ਦੇ ਨਾਲ 2 : 3 ਦੇ ਲਾਭ ਵੰਡ ਅਨੁਪਾਤ ਦੇ ਨਾਲ ਸਾਂਝੇਦਾਰ ਹਨ । 1 ਜੂਨ 2024 ਨੂੰ ਰੀਤੂ ਅਤੇ ਨੀਰੂ ਨੇ ਫਰਮ ਨੂੰ ਕ੍ਰਮਵਾਰ ₹ 4,00,000 ਅਤੇ ₹ 2,00,000 ਦੇ ਕਰਜ਼ੇ ਦਿੱਤੇ । ਫਰਮ ਦੀਆਂ ਬਹੀਆਂ 31 ਮਾਰਚ, 2025 ਨੂੰ ਬੰਦ ਕੀਤੀਆਂ ਗਈਆਂ ਹਨ । ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(1) ਨੀਰੂ ਦੇ ਕਰਜ਼ੇ 'ਤੇ ਵਿਆਜ ਦੀ ਰਕਮ ਹੋਵੇਗੀ : 1

(ੳ) ₹ 15,000 (ਅ) ₹ 25,000
(ੲ) ₹ 10,000 (ਸ) ₹ 12,000

(2) ਜੇਕਰ ਕਰਜ਼ੇ 'ਤੇ ਵਿਆਜ ਤੋਂ ਪਹਿਲਾਂ ਸਾਲ ਦਾ ਲਾਭ ₹ 60,000 ਹੈ, ਤਾਂ ਕਰਜ਼ੇ 'ਤੇ ਵਿਆਜ ਤੋਂ ਬਾਅਦ ਰੀਤੂ ਨੂੰ ਦਿੱਤਾ ਗਿਆ ਲਾਭ ਹੋਵੇਗਾ : 1

(ੳ) ₹ 20,000 (ਅ) ₹ 12,000
(ੲ) ₹ 25,000 (ਸ) ਇਹਨਾਂ ਵਿੱਚੋਂ ਕੋਈ ਨਹੀਂ

(3) ਰੀਤੂ ਅਤੇ ਨੀਰੂ ਦੇ ਕਰਜ਼ੇ 'ਤੇ ਵਿਆਜ ਦੀ ਕੁੱਲ ਰਕਮ ਹੋਵੇਗੀ : 1

(ੳ) ₹ 40,000 (ਅ) ₹ 50,000
(ੲ) ₹ 36,000 (ਸ) ₹ 30,000

(4) ਜੇਕਰ ਕਰਜ਼ੇ 'ਤੇ ਵਿਆਜ ਤੋਂ ਪਹਿਲਾਂ ਸਾਲ ਦੀ ਹਾਨੀ ₹ 12,000 ਹੈ ਤਾਂ ਕਰਜ਼ੇ 'ਤੇ ਵਿਆਜ ਤੋਂ ਬਾਅਦ ਕੁੱਲ ਹਾਨੀ ਹੋਵੇਗੀ : 1

(ੳ) ₹ 42,000 (ਅ) ₹ 24,000
(ੲ) ₹ 25,000 (ਸ) ₹ 38,000

(5) ਜਦੋਂ ਪੂੰਜੀ ਸਥਿਰ ਹੁੰਦੀ ਹੈ ਤਾਂ ਸਾਂਝੇਦਾਰਾਂ ਦੇ ਕਿਹੜੇ ਖਾਤੇ ਖੋਲ੍ਹੇ ਜਾਣੇ ਚਾਹੀਦੇ ਹਨ ? 1

(ੳ) ਬੈਂਕ ਖਾਤੇ (ਅ) ਚਾਲੂ ਖਾਤੇ
(ੲ) ਉਤਰਾਅ-ਚੜ੍ਹਾਅ ਖਾਤੇ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

(6) ਜੇਕਰ ਕਰਜ਼ੇ 'ਤੇ ਵਿਆਜ ਤੋਂ ਪਹਿਲਾਂ ਸਾਲ ਦੀ ਹਾਨੀ ₹ 20,000 ਹੈ, ਤਾਂ ਰੀਤੂ ਦੇ ਕਰਜ਼ੇ 'ਤੇ ਵਿਆਜ ਹੋਵੇਗਾ : 1

(ੳ) ₹ 25,000 (ਅ) ₹ 16,000
(ੲ) ₹ 20,000 (ਸ) ਇਹਨਾਂ ਵਿੱਚੋਂ ਕੋਈ ਨਹੀਂ

(ii) ਗੋਲਡੀ ਲਿਮਟਿਡ ਨੇ ₹ 10 ਪ੍ਰਤੀ ਅੰਸ਼ ਦੇ 1,00,000 ਅੰਸ਼ਾਂ ਲਈ 10% ਪ੍ਰੀਮੀਅਮ 'ਤੇ ਬਿਨੈ-ਪੱਤਰਾਂ ਨਾਲ, ₹ 3 ਬਿਨੈ-ਪੱਤਰ ਨਾਲ, ₹ 3 ਅਲਾਟਮੈਂਟ ਅਤੇ ਬਕਾਇਆ ਰਕਮ ਪਹਿਲੀ ਅਤੇ ਆਖ਼ਰੀ ਕਾਲ ਦੇ ਰੂਪ ਵਿੱਚ ਭੁਗਤਾਨਯੋਗ ਸਨ । 2,40,000 ਅੰਸ਼ਾਂ ਲਈ ਬਿਨੈ -ਪੱਤਰ ਪ੍ਰਾਪਤ ਹੋਏ ਅਤੇ ਅੰਸ਼ ਅਨੁਪਾਤਕ ਆਧਾਰ 'ਤੇ ਅਲਾਟ ਕੀਤੇ ਗਏ ਸਨ । ਬਿਨੈ-ਪੱਤਰ ਨਾਲ ਪ੍ਰਾਪਤ ਵਾਧੂ ਰਕਮ ਨੂੰ ਸਿਰਫ਼ ਅਲਾਟਮੈਂਟ ਦੇ ਵਿਰੁੱਧ ਸਮਾਯੋਜਿਤ ਕੀਤਾ ਜਾਣਾ ਹੈ ।

ਇੱਕ ਅੰਸ਼ ਧਾਰਕ ਜਿਸ ਨੇ 12,000 ਅੰਸ਼ਾਂ ਲਈ ਬਿਨੈ-ਪੱਤਰ ਦਿੱਤਾ ਸੀ, ਪਹਿਲੀ ਅਤੇ ਆਖ਼ਰੀ ਕਾਲ ਦਾ ਭੁਗਤਾਨ ਨਹੀਂ ਕਰ ਸਕਿਆ ਅਤੇ ਉਸਦੇ ਅੰਸ਼ ਜ਼ਬਤ ਕਰ ਲਏ ਗਏ । ਕੰਪਨੀ ਨੇ ਪੂਰੀ ਤਰ੍ਹਾਂ ਅਦਾ ਕੀਤੇ ਅੰਸ਼ਾਂ ਦੇ ਤੌਰ 'ਤੇ ₹ 6 ਪ੍ਰਤੀ ਅੰਸ਼ ਦੇ ਹਿਸਾਬ ਨਾਲ 2,000 ਅੰਸ਼ ਦੁਬਾਰਾ ਜਾਰੀ ਕੀਤੇ ।

ਉਪਰੋਕਤ ਜਾਣਕਾਰੀ ਦੇ ਆਧਾਰ 'ਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :

(1) ਬਿਨੈ-ਪੱਤਰਾਂ ਨਾਲ ਪ੍ਰਾਪਤ ਹੋਈ ਰਕਮ ਦੱਸੋ : 1

(ੳ) ₹ 9,60,000 (ਅ) ₹ 3,50,000
(ੲ) ₹ 4,10,000 (ਸ) ₹ 7,20,000

(2) ਪੂੰਜੀ ਰਿਜ਼ਰਵ ਵਿੱਚ ਤਬਦੀਲ ਕੀਤੀ ਗਈ ਰਕਮ ਹੋਵੇਗੀ : 1

(ੳ) ₹ 2,000 (ਅ) ₹ 2,700

(ੲ) ₹ 4,500 (ਸ) ₹ 5,000

(3) ਵਾਪਸ ਕੀਤੀ ਜਾਣ ਵਾਲੀ ਰਕਮ ਹੋਵੇਗੀ : 1

(ੳ) ₹ 60,000 (ਅ) ₹ 1,20,000

(ੲ) ₹ 80,000 (ਸ) ₹ 1,00,000

(4) ਪਹਿਲੀ ਅਤੇ ਆਖ਼ਰੀ ਕਾਲ ਲਈ ਬਕਾਇਆ ਕਾਲ ਦੀ ਰਕਮ ਹੋਵੇਗੀ : 1

(ੳ) ₹ 25,000 (ਅ) ₹ 20,000

(ੲ) ₹ 30,000 (ਸ) ₹ 28,000

(5) ਅੰਸ਼ਾਂ 'ਤੇ ਪ੍ਰੀਮੀਅਮ ਦੀ ਵੱਧ ਤੋਂ ਵੱਧ ਸੀਮਾ ਹੈ : 1

(ੳ) 100% (ਅ) 5%

(ੲ) 10% (ਸ) ਕੋਈ ਸੀਮਾ ਨਹੀਂ

(6) ਅਲਾਟਮੈਂਟ ਲਈ ਸਮਾਯੋਜਿਤ ਕੀਤੀ ਗਈ ਵਾਧੂ ਬਿਨੈ-ਪੱਤਰਾਂ ਦੀ ਰਕਮ ਹੋਵੇਗੀ : 1

(ੳ) ₹ 4,20,000 (ਅ) ₹ 2,20,000

(ੲ) ₹ 3,00,000 (ਸ) ₹ 2,50,000

5. ਅਮਨ, ਰਮਨ ਅਤੇ ਸ਼ਮਨ, ਜੋ ਇੱਕ ਫਰਮ ਵਿੱਚ ਸਾਂਝੇਦਾਰ ਹਨ ਅਤੇ ਆਪਣੀ ਪੂੰਜੀ ਦੇ ਅਨੁਸਾਰ ਲਾਭ ਵੰਡਦੇ ਹਨ, ਉਹਨਾਂ ਦਾ 31 ਮਾਰਚ, 2025 ਨੂੰ ਅੰਤਮ ਚਿੱਠਾ ਇਸ ਪ੍ਰਕਾਰ ਸੀ : 6x1=6

ਦੇਣਦਾਰੀਆਂ		ਰਕਮ (₹)	ਸੰਪਤੀਆਂ		ਰਕਮ (₹)
ਲੈਣਦਾਰ		21,000	ਇਮਾਰਤ		1,00,000
ਸਧਾਰਨ ਰਿਜ਼ਰਵ		20,000			
ਪੂੰਜੀ :			ਮਸ਼ੀਨਰੀ		50,000
ਅਮਨ	80,000		ਸਟਾਕ		18,000
ਰਮਨ	40,000		ਦੇਣਦਾਰ	20,000	
ਸ਼ਮਨ	40,000	1,60,000	*Less :* P D D	1,000	19,000
			ਬੈਂਕ ਵਿੱਚ ਨੋਕਦ		14,000
		2,01,000			2,01,000

ਉਸ ਮਿਤੀ ਨੂੰ ਰਮਨ ਨੇ ਫਰਮ ਤੋਂ ਸੇਵਾਮੁਕਤ ਹੋਣ ਦਾ ਫ਼ੈਸਲਾ ਕੀਤਾ ਅਤੇ ਫਰਮ ਵਿੱਚ ਉਸਦੇ ਹਿੱਸੇ ਦਾ ਭੁਗਤਾਨ ਹੇਠ ਲਿਖੀਆਂ ਸ਼ਰਤਾਂ 'ਤੇ ਕੀਤਾ ਗਿਆ :

(1) ਇਮਾਰਤ ਨੂੰ 20% ਨਾਲ ਵਧਾਇਆ ਜਾਣਾ ਹੈ ।

(2) ਦੇਣਦਾਰਾਂ ਦੇ ਡੁੱਬੇ ਕਰਜ਼ਿਆਂ ਲਈ ਵਿਵਸਥਾ ਵਧਾ ਕੇ 15% ਕੀਤੀ ਜਾਣੀ ਹੈ ।

(3) ਮਸ਼ੀਨਰੀ 'ਤੇ 20% ਘਿਸਾਵਟ ਲਗਾਈ ਜਾਣੀ ਹੈ ।

(4) ਫਰਮ ਦੀ ਸਾਖ ਦਾ ਮੁੱਲ ₹ 72,000 ਅਤੇ ਸੇਵਾਮੁਕਤ ਹੋ ਰਹੇ ਸਾਂਝੇਦਾਰ ਦੇ ਹਿੱਸੇ ਨੂੰ ਬਾਕੀ ਰਹਿੰਦੇ ਸਾਂਝੇਦਾਰਾਂ ਦੇ ਪੂੰਜੀ ਖਾਤਿਆਂ ਰਾਹੀਂ ਸਮਾਯੋਜਿਤ ਕੀਤਾ ਜਾਣਾ ਹੈ ।

(5) ਨਵੀਂ ਫਰਮ ਦੀ ਪੂੰਜੀ ₹ 1,20,000 ਨਿਰਧਾਰਤ ਕੀਤੀ ਗਈ ਹੈ ।

ਪੁਨਰ ਮੁਲਾਂਕਣ ਖਾਤਾ, ਸਾਂਝੇਦਾਰਾਂ ਦੇ ਪੂੰਜੀ ਖਾਤੇ ਅਤੇ ਰਮਨ ਦੀ ਸੇਵਾਮੁਕਤੀ ਤੋਂ ਬਾਅਦ ਅੰਤਮ ਚਿੱਠਾ ਤਿਆਰ ਕਰੋ ।

ਜਾਂ

ਹੇਠਾਂ 31 ਮਾਰਚ 2025 ਨੂੰ ਸੀਤਾ ਅਤੇ ਗੀਤਾ ਦਾ ਅੰਤਮ ਚਿੱਠਾ ਦਿੱਤਾ ਗਿਆ ਹੈ, ਜੋ ਸਾਂਝੇਦਾਰੀ ਕਾਰੋਬਾਰ ਕਰ ਰਹੀਆਂ ਹਨ। ਸੀਤਾ ਅਤੇ ਗੀਤਾ 2 : 1 ਦੇ ਅਨੁਪਾਤ ਵਿੱਚ ਲਾਭ ਵੰਡਦੀਆਂ ਹਨ।

ਦੇਣਦਾਰੀਆਂ		ਰਕਮ (₹)	ਸੰਪਤੀਆਂ	ਰਕਮ (₹)
ਭੁਗਤਾਨਯੋਗ ਬਿੱਲ		10,000	ਹੱਥ ਵਿੱਚ ਰੋਕੜ	10,000
ਵਿਵਿਧ ਲੈਣਦਾਰ		58,000	ਬੈਂਕ ਵਿੱਚ ਰੋਕੜ	40,000
ਬਕਾਇਆ ਖ਼ਰਚੇ		2,000	ਵਿਵਿਧ ਦੇਣਦਾਰ	60,000
ਪੂੰਜੀ :			ਸਟਾਕ	40,000
ਸੀਤਾ	1,80,000		ਪਲਾਂਟ ਅਤੇ ਮਸ਼ੀਨਰੀ	1,00,000
ਗੀਤਾ	1,50,000	3,30,000	ਇਮਾਰਤ	1,50,000
		4,00,000		**4,00,000**

ਰੀਤਾ ਨੂੰ ਅੰਤਮ ਚਿੱਠੇ ਦੀ ਮਿਤੀ 'ਤੇ ਹੇਠ ਲਿਖੀਆਂ ਸ਼ਰਤਾਂ 'ਤੇ ਸਾਂਝੇਦਾਰ ਵਜੋਂ ਸਵੀਕਾਰ ਕੀਤਾ ਗਿਆ :

(1) ਰੀਤਾ ਲਾਭ ਵਿੱਚ $\frac{1}{4}$ ਹਿੱਸੇਦਾਰੀ ਲਈ ਪੂੰਜੀ ਵਜੋਂ ₹ 1,00,000 ਅਤੇ ਆਪਣੀ ਸਾਖ਼ ਦੇ ਹਿੱਸੇ ਵਜੋਂ ₹ 60,000 ਲੈ ਕੇ ਆਵੇਗੀ।

(2) ਪਲਾਂਟ ਅਤੇ ਮਸ਼ੀਨਰੀ ਨੂੰ ₹ 1,20,000 ਤੱਕ ਵਧਾਇਆ ਜਾਣਾ ਹੈ ਅਤੇ ਇਮਾਰਤ ਦੀ ਕੀਮਤ 10% ਵਧਾਈ ਜਾਣੀ ਹੈ।

(3) ਸਟਾਕ ਦਾ ਮੁੱਲ ₹ 4,000 ਵੱਧ ਪਾਇਆ ਗਿਆ ਹੈ।

(4) ਦੇਣਦਾਰਾਂ ਤੇ 5% ਡੁੱਬੇ ਕਰਜ਼ਿਆਂ ਲਈ ਵਿਵਸਥਾ ਕੀਤੀ ਜਾਣੀ ਹੈ।

(5) ₹ 1,000 ਦੇ ਲੈਣਦਾਰਾਂ ਨੂੰ ਦਰਜ ਨਹੀਂ ਕੀਤਾ ਗਿਆ ਸੀ।

ਪੁਨਰ ਮੁਲਾਂਕਣ ਖਾਤਾ, ਸਾਂਝੇਦਾਰਾਂ ਦੇ ਪੂੰਜੀ ਖਾਤੇ ਅਤੇ ਪੁਨਰਗਠਿਤ ਫਰਮ ਦਾ ਅੰਤਮ ਚਿੱਠਾ ਤਿਆਰ ਕਰੋ।

ਭਾਗ-ਅ ਅਤੇ ਭਾਗ-ੲ ਵਿੱਚੋਂ ਕੋਈ ਇੱਕ ਭਾਗ ਕਰੋ

ਭਾਗ – ਅ

6. **ਸਾਰੇ ਪ੍ਰਸ਼ਨ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਇੱਕ ਅੰਕ ਹੈ।** **1x4=4**

ਖ਼ਾਲੀ ਥਾਂ ਭਰੋ :

(i) ਰੋਕੜ ਪ੍ਰਵਾਹ ਵਿਵਰਣ __________ ਦੀ ਵਿੱਤੀ ਯੋਜਨਾਬੰਦੀ ਲਈ ਲਾਭਦਾਇਕ ਹੈ। (ਲੰਬੀ ਮਿਆਦ/ਛੋਟੀ ਮਿਆਦ) 1

ਹੇਠ ਦਿੱਤੇ ਪ੍ਰਸ਼ਨ ਦਾ ਉੱਤਰ ਦਿਓ :

(ii) ਕਿਸੇ ਕੰਪਨੀ ਦੇ ਅੰਤਮ ਚਿੱਠੇ ਵਿੱਚ ''ਅਮੂਰਤ ਸੰਪਤੀਆਂ'' ਸਿਰਲੇਖ ਹੇਠ ਨਿਰਧਾਰਤ ਕਿਸੇ ਇੱਕ ਮਦ ਦਾ ਨਾਮ ਦੱਸੋ। 1

ਬਹੁ-ਵਿਕਲਪੀ ਪ੍ਰਸ਼ਨ:

(iii) ਇਹਨਾਂ ਵਿੱਚੋਂ ਕਿਹੜੀ ਚਾਲੂ ਸੰਪਤੀ ਨਹੀਂ ਹੈ ? 1

(ੳ) ਹੱਥ ਵਿੱਚ ਰੋਕੜ (ਅ) ਬੈਂਕ ਓਵਰਡਰਾਫਟ

(ੲ) ਇਨਵੈਂਟਰੀ (ਸ) ਪ੍ਰਾਪਤੀ ਯੋਗ ਬਿੱਲ

ਸਹੀ ਜਾਂ ਗ਼ਲਤ ਲਿਖੋ:

(iv) ਅੰਤਰ-ਫਰਮ ਤੁਲਨਾ ਹਮੇਸ਼ਾ ਦੋ ਜਾਂ ਦੋ ਤੋਂ ਵੱਧ ਕੰਪਨੀਆਂ ਵਿਚਕਾਰ ਕੀਤੀ ਜਾਂਦੀ ਹੈ। 1

7. **ਸਾਰੇ ਪ੍ਰਸ਼ਨ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦੇ 2 ਅੰਕ ਹਨ।** 2x3=6

(i) ਹੇਠ ਲਿਖੀ ਜਾਣਕਾਰੀ ਤੋਂ ਕੁੱਲ ਲਾਭ ਅਨੁਪਾਤ ਦੀ ਗਣਨਾ ਕਰੋ : 2

ਪਰਿਚਾਲਨ ਤੋਂ ਮਾਲੀਆ (ਸ਼ੁੱਧ ਵਿਕਰੀ) ₹ 10,00,000 ਲਾਗਤ 'ਤੇ ਕੁੱਲ ਲਾਭ 25%

(ii) ਹੇਠ ਲਿਖੀ ਜਾਣਕਾਰੀ ਤੋਂ ਪਲਾਂਟ ਅਤੇ ਮਸ਼ੀਨਰੀ ਖਾਤਾ ਤਿਆਰ ਕਰੋ : 2

	1 ਅਪ੍ਰੈਲ, 2024	31 ਮਾਰਚ, 2025
	₹	₹
ਪਲਾਂਟ ਅਤੇ ਮਸ਼ੀਨਰੀ (ਘਟਦੇ ਮੁੱਲ ਉੱਪਰ)	3,10,000	3,80,000

ਜਾਣਕਾਰੀ :

(A) ਸਾਲ ਦੌਰਾਨ ₹ 47,500 ਦੀ ਘਿਸਾਵਟ ਲਗਾਈ ਗਈ।

(B) ਪਲਾਂਟ ਅਤੇ ਮਸ਼ੀਨਰੀ ਦੀ ਘਟਦੇ ਮੁੱਲ ਉੱਪਰ ਕੀਮਤ ₹ 55,000 ਸੀ ਨੂੰ ₹ 62,500 ਵਿੱਚ ਵੇਚ ਦਿੱਤਾ ਗਿਆ।

(iii) ਵਿੱਤੀ ਵਿਵਰਣਾਂ ਦੀਆਂ ਕੋਈ ਦੋ ਸੀਮਾਵਾਂ ਲਿਖੋ। 2

8. **ਹੇਠ ਲਿਖੀ ਜਾਣਕਾਰੀ ਤੋਂ, ਪਰਿਚਾਲਨ ਗਤੀਵਿਧੀਆਂ ਤੋਂ ਰੋਕੜ ਪ੍ਰਵਾਹ ਦੀ ਗਣਨਾ ਕਰੋ :** 4x1=4

ਵਿਵਰਣ	31 ਮਾਰਚ, 2025 (₹)	31 ਮਾਰਚ, 2024 (₹)
ਸਰਪਲਸ, ਭਾਵ, ਲਾਭ ਅਤੇ ਹਾਨੀ ਦੇ ਵਿਵਰਣ ਵਿੱਚ ਬਕਾਇਆ	8,00,000	2,00,000
ਟੈਕਸ ਲਈ ਵਿਵਸਥਾ	60,000	60,000
ਵਪਾਰਕ ਭੁਗਤਾਨਯੋਗ	3,00,000	80,000
ਜਾਇਦਾਦ, ਪਲਾਂਟ ਅਤੇ ਉਪਕਰਣ ਅਤੇ ਅਮੂਰਤ ਸੰਪਤੀਆਂ (ਸ਼ੁੱਧ)	24,80,000	20,40,000
ਗੈਰ ਚਾਲੂ ਨਿਵੇਸ਼	3,20,000	1,20,000
ਚਾਲੂ ਸੰਪਤੀਆਂ (ਇਨਵੈਂਟਰੀ ਅਤੇ ਵਪਾਰਕ ਪ੍ਰਾਪਤੀਯੋਗ)	10,40,000	9,20,000

ਵਾਧੂ ਜਾਣਕਾਰੀ :

(i) ਸਾਲ ਦੌਰਾਨ, ₹ 2,80,000 ਦੀ ਕੀਮਤ ਵਾਲੀ ਇੱਕ ਮਸ਼ੀਨ (ਜਿਸ 'ਤੇ ₹ 1,20,000 ਦੀ ਘਿਸਾਵਟ ਸੀ) ₹ 1,00,000 ਵਿੱਚ ਵੇਚੀ ਗਈ ਸੀ।

(ii) ਘਿਸਾਵਟ ₹ 2,80,000 ਲਗਾਈ ਗਈ ਸੀ।

(iii) ₹ 60,000 ਟੈਕਸ ਅਦਾ ਕੀਤਾ ਗਿਆ।

(iv) ਸਾਲ ਦੇ ਅੰਤ ਵਿੱਚ, ₹ 1,60,000 ਦੀ ਲਾਗਤ ਵਾਲਾ ਨਿਵੇਸ਼ 25% ਦੇ ਲਾਭ 'ਤੇ ਵੇਚਿਆ ਗਿਆ।

ਜਾਂ

ਹੇਠ ਲਿਖੀ ਜਾਣਕਾਰੀ ਤੋਂ, ਇੱਕ ਤੁਲਨਾਤਮਕ ਆਮਦਨ ਵਿਵਰਣ ਤਿਆਰ ਕਰੋ :

ਵਿਵਰਣ	31 ਮਾਰਚ, 2025	31 ਮਾਰਚ, 2024
ਪਰਿਚਾਲਨ ਤੋਂ ਮਾਲੀਆ	₹ 12,00,000	₹ 9,00,000
ਹੋਰ ਆਮਦਨ (ਪਰਿਚਾਲਨ ਤੋਂ ਮਾਲੀਆ ਦਾ %)	15%	25%
ਖ਼ਰਚੇ (ਪਰਿਚਾਲਨ ਤੋਂ ਮਾਲੀਆ ਦਾ %)	60%	50%
ਟੈਕਸ ਦਰ	30%	30%

9. 31 ਮਾਰਚ, 2025 ਨੂੰ ਇੱਕ ਕੰਪਨੀ ਦੁਆਰਾ ਆਪਣੀਆਂ ਖਾਤਾ ਬਹੀਆਂ ਤੋਂ ਹੇਠ ਲਿਖੀ ਜਾਣਕਾਰੀ ਦਿੱਤੀ ਗਈ ਹੈ : 6x1=6

ਵਿਵਰਣ	(₹)
ਇਨਵੈਂਟਰੀ	2,00,000
ਕੁੱਲ ਚਾਲੂ ਸੰਪਤੀਆਂ	3,20,000
ਅੰਸ਼ਧਾਰਕਾਂ ਦੇ ਫੰਡ	8,00,000
13% ਕਰਜ਼-ਪੱਤਰ	6,00,000
ਚਾਲੂ ਦੇਣਦਾਰੀਆਂ	2,00,000
ਟੈਕਸ ਤੋਂ ਪਹਿਲਾਂ ਸ਼ੁੱਧ ਲਾਭ	7,02,000
ਪਰਿਚਾਲਨ ਤੋਂ ਆਮਦਨ ਦੀ ਲਾਗਤ	10,00,000

ਗਣਨਾ ਕਰੋ :

(i) ਚਾਲੂ ਅਨੁਪਾਤ

(ii) ਤਰਲਤਾ ਅਨੁਪਾਤ

(iii) ਕਰਜ਼ ਸਮਤਾ ਅਨੁਪਾਤ

(iv) ਇਨਵੈਂਟਰੀ ਆਵਰਤ ਅਨੁਪਾਤ

ਜਾਂ

ਰੋਕੜ ਪ੍ਰਵਾਹ ਵਿਵਰਣ ਦੇ ਕੋਈ ਛੇ ਲਾਭ ਲਿਖੋ।